## ਪ੍ਰੈਸ ਨੋਟ

ਪੰਜਾਬ ਵਿੱਚ ਪਿਛਲੇ ਕੁਝ ਦਿਨਾਂ ਤੋਂ ਵਾਪਰ ਰਹੀਆਂ ਅਨੇਕਾਂ ਘਟਨਾਵਾਂ ਨੂੰ ਦੇਖਦਿਆਂ, ਲਗਦਾ ਹੈ ਕਿ ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ, ਹਰ ਪੰਜਾਬੀ ਅਤੇ ਖ਼ਾਸ ਕਰਕੇ ਸਿੱਖਾਂ ਅੰਦਰ ਇਕ ਦਹਿਸ਼ਤ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਪੰਜਾਬ ਦੀ ਆਪ ਸਰਕਾਰ ਵਲੋਂ ਕੇਂਦਰ ਦੀ ਬੀਜੇਪੀ ਸਰਕਾਰ ਨਾਲ ਰਲ ਕੇ,ਇਕ ਖਾਸ ਜਥੇਬੰਦੀ ਅਤੇ ਉਸ ਦੇ ਇਕ ਨੌਜਵਾਨ ਆਗੂ ਨੂੰ ਨਿਸ਼ਾਨਾ ਬਣਾਕੇ,ਜੋ ਸਿੱਖ ਨੌਜਵਾਨਾਂ ਦੀ ਵੱਡੇ ਪੱਧਰ ਤੇ ਅੰਨੇਵਾਹ ਧੜਾਧੜ ਗ੍ਰਿਫਤਾਰੀਆਂ ਹੋ ਰਹੀਆਂ ਹਨ ਅਤੇ ਉਨ੍ਹਾਂ ਉਪਰ ਨੈਸ਼ਨਲ ਸਿਕਿਉਰਟੀ ਐਕਟ ਵਰਗੇ ਸਖ਼ਤ ਕਾਨੂੰਨ ਲਗਾਉਣਾ ਕੇਂਦਰ ਅਤੇ ਰਾਜ ਸਰਕਾਰ ਦੀ ਸਿਖਾਂ ਪ੍ਰਤੀ ਮਾੜੀ ਸੋਚ ਅਤੇ ਨੀਅਤ ਦਾ ਪ੍ਰਗਟਾਵਾ ਕਰਦੀ ਹੈ। ਆਉਣ ਵਾਲੇ ਸਮੇਂ ਵਿੱਚ ਸਰਕਾਰ ਦੀਆਂ ਇਹਨਾਂ ਕਾਰਵਾਈਆਂ ਕਰਕੇ ਪੈਦਾ ਹੋਣ ਵਾਲੇ ਮਾਹੌਲ ਅਤੇ ਮਾੜੇ ਹਾਲਾਤਾਂ ਤੋਂ ਸਰਕਾਰ ਨੂੰ ਕਿਸੇ ਵੀ ਤਰ੍ਹਾਂ ਦੋਸ਼ ਮੁਕਤ ਨਹੀਂ ਕੀਤਾ ਜਾ ਸਕਦਾ। ਜਿਸ ਤਰੀਕੇ ਨਾਲ ਰਾਤੋ ਰਾਤ ਪੰਜਾਬ ਨੂੰ ਇਕ ਪੁਲਿਸ ਸਟੇਟ ਵਿਚ ਤਬਦੀਲ ਕਰ ਦਿੱਤਾ ਗਿਆ ਅਤੇ ਕੇਂਦਰੀ ਬਲਾਂ ਦੀਆਂ ਅਨੇਕਾਂ ਕੰਪਨੀਆਂ ਦਾ ਜਗ੍ਹਾ ਜਗ੍ਹਾ ਤੈਨਾਤ ਹੋ ਜਾਣਾ,ਆਉਣ ਵਾਲੇ ਸਮੇਂ ਵਿੱਚ ਸਿਖਾਂ ਲਈ ਨਵੀਂ ਮੁਸੀਬਤ ਵਲ ਇਸ਼ਾਰਾ ਕਰਦੀਆਂ ਹਨ ਅਤੇ ਪੰਜਾਬ ਦੇ ਲੋਕਾਂ ਲਈ ਇਕ ਵੱਡੀ ਚਿੰਤਾ ਦਾ ਵਿਸ਼ਾ ਹੈ।

ਅਖੰਡ ਕੀਰਤਨੀ ਜਥਾ ਇਹਨਾਂ ਘਟਨਾਵਾਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਾ ਹੈ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਗਾਹ ਕਰਦਾ ਹੈ ਕਿ ਜੇਕਰ ਉਹ ਪੁਲਿਸ ਵੱਲੋਂ ਸਿੱਖ ਨੌਜਵਾਨਾਂ ਤੇ ਥਾਣਿਆਂ ਵਿਚ ਹੋ ਰਹੇ ਅਣਮਨੁੱਖੀ ਤਸ਼ੱਦਦ ਨੂੰ ਤੁਰੰਤ ਠੱਲ ਨਹੀਂ ਪਾਉਂਦੇ ਅਤੇ ਫੜੇ ਗਏ ਸਿੱਖ ਨੌਜਵਾਨਾਂ ਨੂੰ ਬਗੈਰ ਕਿਸੇ ਦੇਰੀ ਦੇ ਰਿਹਾ ਨਹੀਂ ਕਰਦੇ ਤਾਂ ਪੰਜਾਬ ਦੇ ਸਿਰਜੇ ਜਾ ਰਹੇ ਇਸ ਤਲਖੀ ਭਰੇ ਮਾਹੌਲ ਲਈ ਸਰਕਾਰ ਖੁਦ ਜ਼ਿੰਮੇਵਾਰ ਹੋਵੇਗੀ।

ਵਾਹਿਗੁਰੂਜੀਕਾਖ਼ਾਲਸਾ, ਵਾਹਿਗੁਰੂਜੀਕੀਫ਼ਤਹਿ||

੩੧ ਮੈਂਬਰੀ ਕਮੇਟੀ ਅਖੰਡ ਕੀਰਤਨੀ ਜਥਾ (ਵਿਸ਼ਵ ਵਿਆਪੀ)

ਸ੍ਰੀ ਅੰਮ੍ਰਿਤਸਰ ਸਾਹਿਬ

ਮਿਤੀ: ੨੧ ਮਾਰਚ ੨੦੨੩

Rangeley Sajjan Memorial Charitable Trust (Regd.), Chowk Baba Sahib, Shri Amritsar

EMAIL akjworldwide@akj.org
WEB SITE www.akj.org
YOUTUBE akj.org
FACEBOOK www.facebook.com/AkhandKeertaneeJathaa
INSTAGRAM www.instagram.com/akjdotorg